UNIVERSITY OF CAMBRIDGE LOCAL EXAMINATIONS SYNDICATE
in collaboration with
THE MINISTRY OF EDUCATION, SINGAPORE
General Certificate of Education Ordinary Level

**PANJABI** **3203/2**

**OCTOBER/NOVEMBER SESSION 2002**
1 hour 30 minutes

Additional materials:
Answer paper

**TIME** 1 hour 30 minutes

## INSTRUCTIONS TO CANDIDATES

Write your name, Centre number and candidate number in the spaces provided on the answer paper/answer booklet.

Answer **all** questions.

Write your answers on the separate answer paper provided.

If you use more than one sheet of paper, fasten the sheets together.

## INFORMATION FOR CANDIDATES

The number of marks is given in brackets [ ] at the end of each question or part question.

**This question paper consists of 10 printed pages and 2 blank pages.**

SP (CW/KS) S05189/4
© UCLES 2002

## Section A

**A1 Combination of Words [10 marks]**

**ਸਮਾਸੀ ਸ਼ਬਦ**

*ਅਗੇਤਰ/ਪਛੇਤਰ 'ਬਦ' ਅਤੇ 'ਵੰਦ' ਨੂੰ ਹੇਠਾਂ ਦਿੱਤੇ ਪੰਜ ਮੂਲ ਸ਼ਬਦਾਂ ਨਾਲ ਜੋੜ ਕੇ ਨਵੇਂ ਪੰਜ ਸਮਾਸੀ ਸ਼ਬਦ ਬਣਾਓ:*

1 ਲੋੜ

2 ਕਿਸਮਤ

3 ਭਾਈ

4 ਚਲਨ

5 ਨਾਮ

**A2 Idioms, Proverbs and Words in Pairs [10 marks]**

**ਮੁਹਾਵਰੇ, ਅਖਾਣ, ਵਾਕੰਸ਼**

*ਹੇਠ ਦਿੱਤੇ ਵਾਕਾਂ ਵਿੱਚ ਖਾਲੀ ਥਾਂਵਾਂ ਛੱਡੀਆਂ ਗਈਆਂ ਹਨ । ਕੁਝ ਮੁਹਾਵਰੇ, ਵਾਕੰਸ਼, ਅਖਾਣ, ਥੱਲੇ ਦਿੱਤੇ ਗਏ ਹਨ । ਇਨ੍ਹਾਂ ਵਿੱਚੋਂ ਢੁਕਵੀਂ ਚੋਣ ਕਰਕੇ ਵਾਕਾਂ ਦੀਆਂ ਖਾਲੀ ਥਾਂਵਾਂ ਭਰਨ ਲਈ ਉਸਦਾ ਉੱਤਰ ਢੁਕਵੇਂ ਸੁਆਲ ਦੇ ਨੰਬਰ ਸਾਹਮਣੇ ਆਪਣੇ ਉੱਤਰ ਪੰਨੇ ਵਿੱਚ ਦਿਓ:*

6 ਜਦ ਰਾਣੀ ਨੇ ਆਪਣੇ ਭਰਾ ਦੇ ਮਾਰ ਪੈਂਦੀ ਦੇਖੀ ਤਾਂ ਉਸ ਦੇ ____________________ ਗਈ ।

7 ਕਾਰੋਬਾਰ ਵਿੱਚ ਪਏ ਘਾਟੇ ਕਾਰਨ ਮਨਜੀਤ ਦਾ ____________________ ਗਿਆ ਹੈ ।

8 ਪੋਲੀਸ ਨੇ ਠੇਕੇਦਾਰ ਦੇ ਘਰ __________________ ਕੇ ਚੋਰੀ ਦਾ ਸਾਰਾ ਮਾਲ ਪ੍ਰਾਪਤ ਕਰ ਲਿਆ ।

9 ਮੈਂ ਉਸ ਨੂੰ ਸਮਝਾਉਣ ਦੀ ਬੜੀ ਕੋਸ਼ਿਸ਼ ਕੀਤੀ ਕਿ ਲੜਨ ਦਾ ਕੋਈ ਫਾਇਦਾ ਨਹੀਂ, ਪਰ ਉਹ __________ ________________ ਹੋਇਆ ।

10 ਇਮਤਿਹਾਨ ਵਿੱਚ ਚੰਗੇ ਨੰਬਰ ਪ੍ਰਾਪਤ ਕਰਨ ਲਈ ਵਿਦਿਆਰਥੀਆਂ ਨੂੰ ਪੜ੍ਹਾਈ ਲਈ _______________ _______________ ਪੈਂਦਾ ਹੈ ।

(1) ਦਿਨ ਰਾਤ ਇੱਕ ਕਰਨਾ

(2) ਥੁੱਕ ਕੇ ਚਟਣਾ

(3) ਬੇੜੀਆਂ ਵਿੱਚ ਵੱਟੇ ਪਾਉਣਾ

(4) ਛਾਪਾ ਮਾਰਨਾ

(5) ਛਿੱਲ ਲਾਹੁਣੀ

(6) ਹੱਥ ਤੰਗ ਹੋਣਾ

(7) ਟੱਸ ਤੋਂ ਮੱਸ ਨਾ ਹੋਣਾ

(8) ਸਾਖੀ ਭਰਨਾ

(9) ਸੱਤੀ ਕੱਪੜੀਂ ਅੱਗ ਲੱਗਣੀ

(10) ਹੱਥ ਫੇਰਨਾ

**A3 Sentence Transformation [10 marks]**

**ਵਾਕ ਵਟਾਂਦਰਾ**

*ਹੇਠ ਲਿਖੇ ਅਧੂਰੇ ਵਾਕਾਂ ਨੂੰ ਇਉਂ ਬਦਲੋ ਕਿ ਉਸ ਤੋਂ ਉੱਪਰ ਦਿੱਤੇ ਵਾਕ ਤੋਂ ਇਸ ਦਾ ਅਰਥ ਨਾ ਬਦਲੇ । ਉੱਤਰ ਕੇਵਲ ਉੱਤਰ ਪੰਨੇ ਵਿੱਚ ਲਿਖੋ ।*

11 ਬੱਚਿਆਂ ਦੀ ਗਿਣਤੀ ਘੱਟ ਜਾਣ ਕਰਕੇ ਸਕੂਲ ਬੰਦ ਕਰ ਦਿੱਤਾ ਗਿਆ ਹੈ ।

ਕਿਉਂਕਿ ਬੱਚੇ ਘੱਟ ਗਏ ____________________

12 ਇਹ ਹਰ ਇੱਕ ਦਾ ਕੰਮ ਨਹੀ ਕਿ ਬੁਰੇ ਦਾ ਭਲਾ ਕੀਤਾ ਜਾਵੇ ।

ਬੁਰੇ ਦਾ ਭਲਾ ਕਰਨਾ ____________________

13 ਅਸੀਂ ਹਰ ਰੋਜ਼ ਸਵਾ ਛੇ ਵਜੇ ਘਰੋਂ ਚਲੇ ਜਾਂਦੇ ਹਾਂ ।

ਸਾਨੂੰ ਹਰ ਰੋਜ਼ ਛੇ ____________________

14 ਮੈਂ ਕੁਝ ਜ਼ਰੂਰੀ ਕਾਗਜ਼ ਗਲਤੀ ਨਾਲ ਇਧਰ ਉਧਰ ਰੱਖ ਬੈਠਾ ਹਾਂ ।

ਮੇਰੇ ਪਾਸੋਂ ਗਲਤੀ ਨਾਲ ਕੁਝ ____________________

15 ਹਰਪ੍ਰੀਤ ਇਸ ਨੌਕਰੀ ਤੇ ਇੱਕ ਸਾਲ ਬਾਅਦ ਪੱਕੀ ਹੋ ਜਾਵੇਗੀ ।

ਇੱਕ ਸਾਲ ਬਾਅਦ ਹਰਪ੍ਰੀਤ ਦੀ ____________________

**A4 Cloze Passage [20 marks]**

**ਵਾਰਤਕ ਅੰਸ਼ (ਕਲੋਜ਼)**

*ਇਸ ਵਾਰਤਕ ਅੰਸ਼ ਵਿੱਚ ਖਾਲੀ ਥਾਂਵਾਂ ਭਰਨ ਲਈ ਉਚਿਤ ਸ਼ਬਦ/ਪਦ ਹੇਠਾਂ ਦਿੱਤੇ ਗਏ ਹਨ । ਹਰ ਖਾਲੀ ਥਾਂ ਭਰਨ ਲਈ ਉਚਿਤ ਸ਼ਬਦ/ਪਦ ਚੁਣ ਕੇ ਉਸਦਾ ਨੰਬਰ ਆਪਣੇ ਉੱਤਰ ਪੰਨੇ ਵਿੱਚ ਲਿਖੋ ।*

ਸਾਰੇ ਦਿਨ ਦੀ ਦੌੜ ਭੱਜ ਤੇ ਪ੍ਰੇਸ਼ਾਨੀਆਂ ਤੋਂ ਬਾਅਦ ਤੰਦਰੁਸਤੀ ਲਈ ________ (16) ਅਹਿਮ ਸਥਾਨ ਰੱਖਦੀ ਹੈ । ਘੱਟੋ ਘੱਟ ਛੇ ਤੋਂ ਅੱਠ ਘੰਟੇ ਸੌਣਾ ਆਮ ________ (17) ਲਈ ਜ਼ਰੂਰੀ ਹੁੰਦਾ ਹੈ । ਸੌਣ ਤੋਂ ਪਹਿਲਾਂ ਕੋਸੇ ਜਾਂ ਨਿੱਘੇ ਪਾਣੀ ਨਾਲ ਇਸ਼ਨਾਨ ਕਰਨਾ ਚਾਹੀਦਾ ਹੈ । ਪਾਣੀ ਦਾ ________ (18) ਅੰਦਾਜ਼ਨ 38 ਸੈਂਟੀਗਰੇਡ ਤੋਂ ਵੱਧ ਨਹੀਂ ਚਾਹੀਦਾ । ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਦਸ ਕੁ ਮਿੰਟ ਤੱਕ ਅਜਿਹੇ ਨਿੱਘੇ ਪਾਣੀ ਨਾਲ ਤਸੱਲੀ ਨਾਲ ________ (19) ਕੀਤਾ ਜਾਵੇ । ਨਿੱਘੇ ਪਾਣੀ ਨਾਲ ਨਹਾਉਂਦਿਆਂ ਇੱਕ ਦਮ ਸਰੀਰ ਨੂੰ ਠੰਡੀ ਹਵਾ ਦਾ ਲੱਗਣਾ ਸਿਹਤ ਲਈ ________ (20) ਹੋ ਸਕਦਾ ਹੈ । ਨਹਾ ਕੇ ਸਰੀਰ ਪੂੰਝਣ ਲਈ ਨਰਮ ਬੁਰਾਂ ਵਾਲਾ ਤੌਲੀਆ ਵਰਤਣਾ ਚਾਹੀਦਾ ਹੈ । ਸਖਤ ਤੇ ਖੁਰਦਰਾ ਤੌਲੀਆਂ ਸਰੀਰ ਲਈ ________ (21) ਨਹੀਂ ਅਤੇ ਸਰੀਰ ਤੇ ਝਰੀਟਾਂ ਲੱਗ ਸਕਦੀਆਂ ਹਨ । ਨਹਾਉਣ ਲਈ ਚੰਗੀ ਕਿਸਮ ਦਾ ਸਾਬਣ ਵਰਤਣਾ ਚਾਹੀਦਾ ਹੈ । ਨਹਾਉਣ ਤੋਂ ਬਾਅਦ ਹੋ ਸਕੇ ਤਾਂ ਦਸ ਕੁ ਮਿੰਟਾਂ ਲਈ ਕਿਸੇ ਚੰਗੀ ਕਿਸਮ ਦੇ ਤੇਲ ਨਾਲ ________ (22) ਕਰਨੀ ਚਾਹੀਦੀ ਹੈ । ਤੇਲ ਦੀ ਮਾਲਿਸ਼ ਕਰਨ ਨਾਲ ਸਰੀਰ ਦਾ ________ (23) ਖਤਮ ਹੋ ਜਾਂਦਾ ਹੈ ਤੇ ਸਰੀਰ ਨੂੰ ਆਰਾਮ ਮਿਲਦਾ ਹੈ । ਇਸਦੇ ਨਾਲ ਸੌਣ ਵਾਲਾ ਬਿਸਤਰਾ ਵੀ ________ (24) ਹੋਣਾ ਚਾਹੀਦਾ ਹੈ । ਇਹਨਾਂ ਕੁਝ ਕੁ ਗੱਲਾਂ ਨੂੰ ਧਿਆਨ ਵਿੱਚ ਰੱਖਣ ਨਾਲ ਗੂੜ੍ਹੀ ਨੀਂਦ ਲੈਣ ਲਈ ਬਹੁਤ ________ (25) ਮਿਲ ਸਕਦੀ ਹੈ ।

| | | | | | |
|---|---|---|---|---|---|
| (1) | ਇਸ਼ਨਾਨ | (6) | ਤੰਦਰੁਸਤੀ | (11) | ਸਹਾਇਤਾ |
| (2) | ਨਿੱਘਾ | (7) | ਖੁਰਦਰਾਪਨ | (12) | ਆਰਾਮ |
| (3) | ਤਾਪਮਾਨ | (8) | ਤੌਲੀਆ | (13) | ਨੁਕਸਾਨਦੇਹ |
| (4) | ਗੂੜ੍ਹੀ ਨੀਂਦ | (9) | ਮਾਲਿਸ਼ | (14) | ਸਾਫ ਸੁਥਰਾ |
| (5) | ਆਰਾਮਦਾਇਕ | (10) | ਵਿਅਕਤੀ | (15) | ਸਾਬਣ |

## Section B

### ਭਾਗ (ਅ)

*ਹੇਠ ਲਿਖੇ ਲੇਖ ਨੂੰ ਧਿਆਨ ਨਾਲ ਪੜ੍ਹੋ ਅਤੇ ਬਾਅਦ ਵਿੱਚ ਦਿੱਤੇ ਸੁਆਲਾਂ ਦੇ ਉੱਤਰ ਦਿਓ :*

ਸ੍ਰਿਸ਼ਟੀ ਦੇ ਮੁੱਢ ਤੋਂ ਹੀ ਮਨੁੱਖ ਆਪਣੀ ਰੱਖਿਆ ਦੇ ਯਤਨਾਂ ਵਿੱਚ ਲੱਗਾ ਰਿਹਾ ਹੈ । ਪਹਿਲਾਂ ਉਸਨੇ ਪੱਥਰ ਤੇ ਫੇਰ ਲੋਹੇ ਦੇ ਹਥਿਆਰ ਬਣਾ ਕੇ ਆਪਣੀ ਰੱਖਿਆ ਕੀਤੀ । ਲੋਹੇ ਦੇ ਹਥਿਆਰਾਂ ਪਿੱਛੋਂ ਜਦ ਬਾਰੂਦ ਦੀ ਕਾਢ ਨਿਕਲ ਪਈ, ਤਦ ਬਾਰੂਦ ਰਾਹੀਂ ਚਲਣ ਵਾਲੇ ਭਿਆਨਕ ਹਥਿਆਰ ਵਰਤੇ ਜਾਣ ਲੱਗ ਪਏ । ਇਸ ਤਰ੍ਹਾਂ ਖਤਰਨਾਕ ਤੋਂ ਖਤਰਨਾਕ ਹਥਿਆਰ ਵਰਤੋਂ ਵਿੱਚ ਆ ਗਏ । ਪਿੱਛਲੇ ਦੋਵੇਂ ਮਹਾਂ ਜੁਧਾਂ ਵਿੱਚ ਬੜੇ ਮਾਰੂ ਅਗਨੀ ਹਥਿਆਰਾਂ ਦੀ ਵਰਤੋਂ ਹੋਈ ਤੇ ਨਾਲੋ ਨਾਲ ਸਮੁੰਦਰੀ ਤੇ ਹਵਾਈ ਸ਼ਕਤੀ ਦੀ ਬਹੁਤ ਉੱਨਤੀ ਹੋ ਗਈ ।

1945 ਵਿੱਚ ਅਮਰੀਕਾ ਨੇ ਜਾਪਾਨ ਦੇ ਦੋ ਸ਼ਹਿਰਾਂ, ਹੀਰੋਸ਼ੀਮਾ ਤੇ ਨਾਗਾਸਾਕੀ ਤੇ ਦੋ ਐਟਮ ਬੰਬ ਸੁੱਟੇ, ਜਿਨ੍ਹਾਂ ਨਾਲ ਭਿਆਨਕ ਤਬਾਹੀ ਹੋਈ । ਦੋਵੇ ਸ਼ਹਿਰ ਤੇ ਲਾਗਲਾ ਇਲਾਕਾ ਬਿਲਕੁਲ ਬਰਬਾਦ ਹੋ ਗਿਆ । ਜਾਪਾਨ ਸਹਿਮ ਗਿਆ ਤੇ ਹਾਰ ਮੰਨ ਲਈ ।

ਐਟਮ ਬੰਬ ਤੋਂ ਵੀ ਭਿਅਨਕ ਹਾਈਡਰੋਜਨ ਬੰਬ ਦੀ ਉਪਜ ਨੇ ਸੰਸਾਰ ਦੇ ਅਮਨ ਨੂੰ ਖਤਰੇ ਵਿੱਚ ਪਾ ਦਿੱਤਾ ਹੈ । ਐਟਮ ਬੰਬ ਬਣਾਉਣ ਦੀ ਸੰਭਾਵਨਾ ਦਾ ਗਿਆਨ ਸਭ ਤੋਂ ਪਹਿਲਾਂ ਇਟਲੀ ਦੇ ਪ੍ਰਸਿੱਧ ਸਾਇੰਸਦਾਨ *'ਏਨਰਿਕੋ ਫਰਮੀ'* ਨੂੰ ਹੋਇਆ । ਇਸ ਵਿਗਿਆਨੀ ਨੂੰ ਐਟਮ ਜਾਂ ਪਰਮਾਣੂ ਦੇ ਟੁਕੜੇ ਕਰਨ ਵਿੱਚ ਸਫਲਤਾ ਹੋਈ ।

ਐਟਮ ਨੂੰ ਤੋੜਨ ਸਮੇਂ ਪਤਾ ਲੱਗਾ ਕਿ ਇਸ ਵਿੱਚੋਂ ਜੋ ਵਿਸਫੋਟ ਹੁੰਦਾ ਹੈ ਉਸ ਨਾਲ ਅਥਾਹ ਸ਼ਕਤੀ ਪੈਦਾ ਹੁੰਦੀ ਹੈ । ਅਜਿਹੀ ਸ਼ਕਤੀ ਜਿਸ ਦਾ ਟਾਕਰਾ ਬਿਜਲੀ, ਭਾਫ, ਪੈਟਰੋਲ ਨਾਲ ਪੈਦਾ ਕੀਤੀ ਸ਼ਕਤੀ ਵੀ ਨਹੀਂ ਕਰ ਸਕਦੀ । ਇਸ ਤੋਂ ਗਿਆਨ ਲੈ ਕੇ ਜਰਮਨ ਵਿਗਿਆਨੀ *ਓਟੋਹਵਾਨ* ਨੂੰ ਇਸ ਕੰਮ ਵਿੱਚ ਬੜੀ ਹੀ ਕਾਮਯਾਬੀ ਮਿਲੀ । ਹਿਟਲਰ ਨੇ ਇਸ ਯਤਨ ਦੀ ਬੜੀ ਸ਼ਲਾਘਾ ਕੀਤੀ ।

ਪਰ ਜੰਗ ਹੋਣ ਕਰਕੇ ਅਮਰੀਕੀ, *ਓਟੋਹਵਾਨ* ਨੂੰ ਫੜ ਕੇ ਲੈ ਗਏ ਤੇ ਉਹ ਪਹਿਲਾਂ ਐਟਮ ਬੰਬ ਤਿਆਰ ਕਰਨ ਵਿੱਚ ਸਫਲ ਹੋ ਗਏ ਤੇ ਜਾਪਾਨ ਉੱਤੇ ਉਨ੍ਹਾਂ ਇਸ ਦੀ ਵਰਤੋਂ ਕੀਤੀ । ਫੇਰ ਦੂਜੇ ਦੇਸ਼ਾਂ ਨੂੰ ਵੀ ਐਟਮ ਸ਼ਕਤੀ ਦਾ ਪਤਾ ਲੱਗ ਗਿਆ । ਉਹ ਵੀ ਤਜਰਬੇ ਕਰਨ ਲੱਗ ਪਏ । ਰੂਸ ਤੇ ਅਮਰੀਕਾ ਨੇ ਸਭ ਤੋਂ ਵਧ ਤਜਰਬੇ ਕੀਤੇ ਹਨ। 1945 ਈਸਵੀ ਵਿੱਚ ਬਿਕਨੀ ਟਾਪੂ ਤੇ ਅਮਰੀਕਾ ਨੇ ਪਹਿਲਾ ਸਫਲ ਪ੍ਰਯੋਗ ਕੀਤਾ ਸੀ । ਭਾਰਤ ਵਿੱਚ ਵੀ ਐਟਮ ਸ਼ਕਤੀ ਦਾ ਵਿਕਾਸ ਹੋ ਰਿਹਾ ਹੈ ਤੇ ਉਹ ਵੀ ਹੁਣ ਇਸ ਦੌੜ ਵਿੱਚ ਸ਼ਾਮਲ ਹੋ ਗਿਆ ਹੈ ।

**B5 MCQ Comprehension [14 marks]**
**ਸਮਝਣਾ ਬਹੁਵਿਕਲਪੀ ਸੁਆਲ**

*ਉਪਰੋਕਤ ਵਾਰਤਕ ਦੇ ਆਧਾਰ ਤੇ ਹੇਠ ਲਿਖੇ ਸੁਆਲਾਂ ਦੇ ਚਾਰ-ਚਾਰ ਉੱਤਰ ਸੁਝਾਏ ਗਏ ਹਨ । ਇਨ੍ਹਾਂ ਵਿੱਚੋਂ ਕੇਵਲ ਇੱਕ ਉੱਤਰ ਹੀ ਠੀਕ ਹੈ । ਠੀਕ ਉੱਤਰ ਚੁਣ ਕੇ ਉਸਦਾ ਨੰਬਰ ਆਪਣੇ ਉੱਤਰ ਪੰਨੇ ਵਿੱਚ ਲਿਖੋ ।*

**26** ਕਿਹੜੇ ਕਾਰਨਾਂ ਕਰਕੇ ਮਨੁੱਖ ਦੀ ਆਪਣੀ ਰੱਖਿਆ ਲਈ ਖਤਰਨਾਕ ਹਥਿਆਰ ਵਰਤੋਂ ਵਿੱਚ ਆ ਗਏ ?

(1) ਬਾਰੂਦ ਦੀ ਕਾਢ ਕਰਕੇ

(2) ਖਤਰੇ ਵਧ ਜਾਣ ਕਰਕੇ

(3) ਪੱਥਰ ਤੇ ਲੋਹੇ ਦੇ ਹਥਿਆਰ ਪੁਰਾਣੇ ਹੋ ਗਏ ਹੋਣ ਕਰਕੇ

(4) ਰੱਖਿਆ ਦੇ ਯਤਨਾਂ ਵਿੱਚ ਲੱਗੇ ਰਿਹਾਂ ਕਰਕੇ ।

**27** 1945 ਵਿੱਚ ਜਾਪਾਨ ਨੇ ਹਾਰ ਕਿਉਂ ਮੰਨ ਲਈ ਸੀ ?

(1) ਕਿਉਂਕਿ ਉਹਦੇ ਹਥਿਆਰ ਤਬਾਹ ਹੋ ਗਏ ਸਨ ।

(2) ਕਿਉਂਕਿ ਉਹ ਭਿਆਨਕ ਬਰਬਾਦੀ ਦੇਖ ਕੇ ਸਹਿਮ ਗਿਆ ਸੀ ।

(3) ਕਿਉਂਕਿ ਉਹ ਆਪਣੇ ਲੋਕਾਂ ਨੂੰ ਖੁਸ਼ ਰੱਖਣਾ ਚਾਹੁੰਦਾ ਸੀ ।

(4) ਕਿਉਂਕਿ ਉਸਦੀ ਸਾਰੀ ਫੌਜ ਤਬਾਹ ਹੋ ਗਈ ਸੀ ।

**28** ਐਟਮ ਬੰਬ ਬਣਾਉਣ ਦਾ ਗਿਆਨ ਸਭ ਤੋਂ ਪਹਿਲਾਂ ਕਿਸ ਮੁਲਕ ਦੇ ਵਿਗਿਆਨੀ ਨੂੰ ਹੋਇਆ ?

(1) ਰੂਸ

(2) ਅਮਰੀਕਾ

(3) ਭਾਰਤ

(4) ਇਟਲੀ

**29** ਸੰਸਾਰ ਅਮਨ ਨੂੰ ਐਟਮ ਬੰਬ ਤੋਂ ਵੀ ਵਧ ਖਤਰੇ ਵਿੱਚ ਪਾ ਦਿੱਤਾ ਹੈ:

(1) ਬਾਰੂਦ ਦੀ ਕਾਢ ਨੇ ।

(2) ਭਿਆਨਕ ਹਥਿਆਰਾਂ ਨੇ ।

(3) ਹਾਈਡਰੋਜਨ ਬੰਬ ਦੀ ਉਪਜ ਨੇ ।

(4) ਸਮੁੰਦਰੀ ਅਤੇ ਹਵਾਈ ਸ਼ਕਤੀ ਦੀ ਉੱਨਤੀ ਨੇ ।

30 ਐਟਮ ਨੂੰ ਤੋੜਨ ਨਾਲ ਉਸ ਵਿੱਚੋਂ:

(1) ਬਿਜਲੀ ਨਿਕਲਦੀ ਹੈ ।

(2) ਅੱਗ ਨਿਕਲਦੀ ਹੈ ।

(3) ਬੇਹੱਦ ਸ਼ਕਤੀ ਪੈਦਾ ਹੁੰਦੀ ਹੈ ।

(4) ਧਮਾਕਾ ਹੁੰਦਾ ਹੈ ।

31 ਅਮਰੀਕਾ ਸਭ ਤੋਂ ਪਹਿਲਾਂ ਐਟਮ ਬੰਬ ਤਿਆਰ ਕਰਨ ਵਿੱਚ ਸਫਲ ਹੋ ਗਿਆ ਸੀ ਕਿਉਂਕਿ:

(1) ਉਹ ਰੂਸ ਨੂੰ ਪ੍ਰਮਾਣੂ ਹਥਿਆਰਾਂ ਦੀ ਦੌੜ ਵਿੱਚ ਪਿੱਛੇ ਛੱਡਣਾ ਚਾਹੁੰਦਾ ਸੀ ।

(2) ਉਹ ਜਰਮਨ ਵਿਗਿਆਨੀ ਨੂੰ ਜੰਗ ਸਮੇਂ ਫੜ ਕੇ ਲੈ ਗਏ ਸਨ ।

(3) ਉਸਦੇ ਕੋਲ ਬਹੁਤ ਸਰਮਾਇਆ ਸੀ ।

(4) ਉਹ ਬਹੁਤ ਤਜਰਬੇ ਕਰਦਾ ਰਹਿੰਦਾ ਸੀ ।

32 ਐਟਮ ਬੰਬ ਦਾ ਪਹਿਲਾ ਸਫਲ ਤਜਰਬਾ ਕਿੱਥੇ ਹੋਇਆ ਸੀ ?

(1) ਰੂਸ ਵਿੱਚ ਹੋਇਆ ਸੀ ।

(2) ਹੀਰੋਸ਼ੀਮਾ ਤੇ ਨਾਗਾਸਾਕੀ ਦੇ ਸ਼ਹਿਰਾਂ ਵਿੱਚ

(3) ਭਾਰਤ ਵਿੱਚ

(4) ਬਿਕਨੀ ਟਾਪੂ ਤੇ ਹੋਇਆ ਸੀ ।

## Section C

### ਭਾਗ (ੲ)

*ਹੇਠ ਦਿੱਤੇ ਗਏ ਵਾਰਤਕ ਅੰਸ਼ ਨੂੰ ਧਿਆਨ ਨਾਲ ਪੜ੍ਹੋ ਅਤੇ ਬਾਅਦ ਵਿੱਚ ਦਿੱਤੇ ਸੁਆਲਾਂ ਦੇ ਉੱਤਰ ਦਿਓ :*

ਆਤਿਸ਼ਬਾਜ਼ੀ ਦੀ ਕਲਾ ਸਾਰੀ ਦੁਨੀਆ ਵਿੱਚ ਸਦੀਆਂ ਤੋਂ ਲੋਕਾਂ ਦੀ ਦਿਲਚਸਪੀ ਦਾ ਕਾਰਨ ਬਣੀ ਹੋਈ ਹੈ । ਤਾਰਿਆਂ ਨਾਲ ਜਗਮਗ ਕਰਦੇ ਅੰਬਰ ਸਾਹਮਣੇ ਜਦੋਂ ਅੱਗ ਦੇ ਰੰਗ-ਬਰੰਗੇ ਫੁੱਲ ਖਿੜਦੇ ਹਨ ਤਾਂ ਇੱਕ ਅਜਿਹਾ ਦ੍ਰਿਸ਼ ਹੁੰਦਾ ਹੈ ਕਿ ਸ਼ਬਦਾਂ ਨਾਲ ਬਿਆਨ ਕਰਨਾ ਸੰਭਵ ਨਹੀਂ ।

ਭਾਰਤ ਵਿੱਚ ਵਿਆਹਾਂ ਸ਼ਾਦੀਆਂ ਦੇ ਸਮੇਂ ਤਾਂ ਇਸਦਾ ਬਹੁਤ ਰਿਵਾਜ ਸੀ ਕਈ ਪ੍ਰਵਾਰਾਂ ਵਲੋਂ ਤਾਂ ਸ਼ਰਤ ਰੱਖੀ ਜਾਂਦੀ ਸੀ ਕਿ ਬਰਾਤ ਦੇ ਨਾਲ ਆਤਿਸ਼ਬਾਜ਼ੀ ਅਤੇ ਨਚਣ ਵਾਲੀਆਂ ਦਾ ਪ੍ਰਬੰਧ ਜ਼ਰੂਰ ਹੋਣਾ ਚਾਹੀਦਾ ਹੈ । ਇਸ ਮਿਲੇਨੀਅਮ ਦੇ ਅਰੰਭ ਦਾ ਸਵਾਗਤ ਅਤੇ ਲੋਕਾਂ ਦਾ ਮਨੋਰੰਜਨ ਵੀ ਦੁਨੀਆ ਦੇ ਵੱਖ ਵੱਖ ਸ਼ਹਿਰਾਂ ਵਿੱਚ ਆਤਿਸ਼ਬਾਜ਼ੀ ਨਾਲ ਕੀਤਾ ਗਿਆ ਸੀ ।

ਜਾਪਾਨ ਵਿੱਚ ਆਤਿਸ਼ਬਾਜ਼ੀ ਦੇ 'ਫਨ' ਜਾਂ ਕਲਾ ਨੂੰ 'ਬਾਨਾਬੀ' ਕਹਿੰਦੇ ਹਨ, ਜਿਸਦਾ ਅਰਥ ਹੈ 'ਅੱਗ ਦੇ ਫੁੱਲ' । ਅੱਗ ਦੇ ਇਹਨਾਂ ਫੁੱਲਾਂ ਦੀ ਤਰਤੀਬ ਹਰ ਸਾਲ ਬਦਲਦੀ ਰਹਿੰਦੀ ਹੈ । ਆਤਿਸ਼ਬਾਜ਼ੀ ਦੇ ਮਾਹਰ ਹਰ ਮੌਕੇ ਤੇ ਨਿਤ ਨਵੇਂ ਨਵੇਂ ਡੀਜ਼ਾਈਨ ਪੇਸ਼ ਕਰਨ ਦਾ ਯਤਨ ਕਰਦੇ ਹਨ । ਚੀਨ ਤੇ ਜਾਪਾਨ ਦੇ ਕਾਰੀਗਰਾਂ ਨੇ ਆਤਿਸ਼ਬਾਜ਼ੀ ਦੀ ਕਲਾ ਨੂੰ ਪਿਛਲੀਆਂ ਸ਼ਤਾਬਦੀਆਂ ਵਿੱਚ ਇੱਕ ਅੱਛੇ ਉਦਯੋਗ ਦਾ ਦਰਜਾ ਦਿਵਾਇਆ ਹੈ ।

ਜਾਪਾਨ ਦੀ ਸਰਕਾਰ ਆਤਿਸ਼ਬਾਜ਼ੀ ਦਾ ਸਾਮਾਨ ਤਿਆਰ ਕਰਨ ਵਾਲਿਆਂ ਅਤੇ ਪ੍ਰਦਰਸ਼ਨ ਕਰਨ ਵਾਲਿਆਂ ਨੂੰ ਬੰਧੇਜ ਰੂਪ ਵਿੱਚ ਆਗਿਆ-ਨਾਮਾ ਜਾਰੀ ਕਰਦੀ ਹੈ । ਬਹੁਤ ਸਾਰੇ ਵਿਅਕਤੀ ਆਤਿਸ਼ਬਾਜ਼ੀ ਦਾ ਕਾਰਜ ਇੱਕ ਕਿੱਤੇ ਜਾਂ ਪੇਸ਼ੇ ਵਜੋਂ ਕਰਦੇ ਹਨ । ਇਸ ਹੁਨਰ ਦੀ ਹੁਣ ਬਹੁਤ ਅਹਿਮੀਅਤ ਹੋ ਗਈ ਹੈ । ਪੰਜਾਬ ਅਤੇ ਭਾਰਤ ਦੇ ਦੱਖਣ ਵਿੱਚ ਹੁਣ ਵੀ ਅਜਿਹੇ ਆਤਿਸ਼ਬਾਜ਼ ਮੌਜੂਦ ਹਨ ਜਿਹੜੇ ਨਸਲ-ਦਰ-ਨਸਲ ਇਸ ਕਲਾ ਦੇ ਵਿਕਾਸ ਵਿੱਚ ਜੁਟੇ ਹੋਏ ਹਨ ।

ਪਰ ਇਸ ਕਲਾ ਵਿੱਚ ਇੱਕ ਬੁਰੀ ਗੱਲ ਇਹ ਹੈ ਕਿ ਇਸ ਨਾਲ ਪ੍ਰਦੂਸ਼ਨ ਬਹੁਤ ਫੈਲਦਾ ਹੈ । ਖਾਸ ਕਰ ਬੱਚਿਆਂ ਉੱਪਰ ਇਸਦਾ ਬਹੁਤ ਭੈੜਾ ਅਸਰ ਪੈਂਦਾ ਹੈ । ਭਾਵੇਂ ਸਰਕਾਰ ਵਲੋਂ ਮੀਡੀਆ ਰਾਹੀਂ ਆਤਿਸ਼ਬਾਜ਼ੀ ਲਈ ਪੂਰੀ ਸੁਰੱਖਿਆ ਦਾ ਧਿਆਨ ਰੱਖਣ ਲਈ ਸਾਵਧਾਨ ਕੀਤਾ ਜਾਂਦਾ ਹੈ ਪਰ ਤਾਂ ਵੀ ਕਈ ਥਾਵਾਂ ਤੇ ਅੱਗਾਂ ਲੱਗਦੀਆਂ ਹਨ । ਕਰੋੜਾਂ ਰੁਪਏ ਦਾ ਨੁਕਸਾਨ ਹੁੰਦਾ ਹੈ ਅਤੇ ਅੱਗ ਬੁਝਾਉਣ ਵਾਲੇ ਵਿਭਾਗ ਦੀ ਸ਼ਾਮਤ ਆਈ ਰਹਿੰਦੀ ਹੈ ।

**C6 OE Comprehension [36 marks]**

**ਸਮਝਣਾ- ਮੁਕਤ ਉੱਤਰ ਵਾਲੇ ਸੁਆਲ**

33 ਤਾਰਿਆਂ ਨਾਲ ਜਗਮਗ ਕਰਦੀ ਰਾਤ ਵਿੱਚ ਆਤਿਸ਼ਬਾਜ਼ੀ ਦੇ ਰੰਗ-ਬਰੰਗੇ ਫੁੱਲ ਕਿਸ ਪ੍ਰਕਾਰ ਦਾ ਦ੍ਰਿਸ਼ ਪੈਦਾ ਕਰਦੇ ਹਨ ?

34 ਭਾਰਤ ਵਿੱਚ ਵਿਆਹ ਸ਼ਾਦੀਆਂ ਸਮੇਂ ਕਈ ਪ੍ਰਵਾਰਾਂ ਵਾਲੇ ਕਿਹੜੀਆਂ ਕਿਹੜੀਆਂ ਦੋ ਗੱਲਾਂ ਦਾ ਪ੍ਰਬੰਧ ਜ਼ਰੂਰ ਹੀ ਕਰਨ ਲਈ ਕਹਿੰਦੇ ਸਨ ?

35 ਚੀਨ ਤੇ ਜਾਪਾਨ ਦੇ ਆਤਿਸ਼ਬਾਜ਼ ਹਰ ਸਾਲ ਕਿਸ ਤਰ੍ਹਾਂ ਦਾ ਯਤਨ ਕਰਦੇ ਰਹਿੰਦੇ ਹਨ ਤੇ ਇਸਦਾ ਕੀ ਪ੍ਰਤੀਕਰਮ ਹੋਇਆ ਹੈ ?

36 ਆਤਿਸ਼ਬਾਜ਼ੀ ਦੇ ਹੁਨਰ ਦੀ ਅਹਿਮੀਅਤ ਕਿਉਂ ਵਧ ਗਈ ਹੈ ? ਪੰਜਾਬ ਅਤੇ ਭਾਰਤ ਦੇ ਦੱਖਣ ਵਿੱਚ ਹੁਣ ਵੀ ਕਿਹੋ ਜਿਹੇ ਆਤਿਸ਼ਬਾਜ਼ ਮੌਜੂਦ ਹਨ ?

37 ਆਤਿਸ਼ਬਾਜ਼ੀ ਦੀ ਕਲਾ ਦਾ ਭੈੜਾ ਪੱਖ ਵੀ ਹੈ । ਕੋਈ ਦੋ ਗੱਲਾਂ ਦੱਸੋ ।

38 ਲੋਕਾਂ ਦੀ ਦਿਲਚਸਪੀ ਅਤੇ ਮਨੋਰੰਜਨ ਲਈ ਆਤਿਸ਼ਬਾਜ਼ੀ ਦਾ ਕੀ ਰੋਲ ਹੈ ? ਕੋਈ ਤਿੰਨ ਗੱਲਾਂ ਦੱਸੋ ।

**C7 Vocabulary [10 marks]**

**ਸ਼ਬਦਾਰਥ**

*ਉਪਰੋਕਤ ਵਾਰਤਕ ਅੰਸ਼ ਵਿੱਚ ਹੇਠ ਲਿਖੇ ਲਕੀਰੇ ਸ਼ਬਦ ਆਏ ਹਨ, ਉਨ੍ਹਾਂ ਦਾ ਅਰਥ ਲਿਖੋ ਜਿਵੇਂ ਉਹ ਵਾਰਤਕ-ਅੰਸ਼ ਵਿੱਚ ਵਰਤੇ ਗਏ ਹਨ ।*

39 ਅੰਬਰ

40 ਸਵਾਗਤ

41 ਸ਼ਤਾਬਦੀਆਂ

42 ਪ੍ਰਦਰਸ਼ਨ

43 ਸਾਵਧਾਨ

**End of Paper**

BLANK PAGE

BLANK PAGE